Greater Glasgow and Clyde Donor Milk Bank
Give for Life

Punjabi

NHS
Greater Glasgow and Clyde

# ਕੀ ਤੁਹਾਡੇ ਬੱਚੇ ਨੂੰ ਇੱਕ ਪੂਰਕ (ਸਪਲੀਮੈਂਟ) ਦੀ ਲੋੜ ਹੈ?



# ਸ਼ੁਰੂਆਤੀ ਦਨਿਾਂ ਵੱਿਚ ਛਾਤੀ ਦਾ ਦੁੱਧ ਚੁੰਘਾਉਣ (ਬ੍ਰੈਸਟਫੀਡਗਿ) ਵੱਿਚ ਸਹਾਇਤਾ ਕਰਨਾ

ਅਸੀ ਜਾਣਦੇ ਹਾਂ ਕਿ ਦੁੱਧ ਚੁੰਘਾਉਣ (ਬ੍ਰੈਸਟਫੀਡਗਿ) ਦਾ ਫੈਸਲਾ ਕਰਨ ਤੋ ਬਾਅਦ ਜਦੋ ਤੱਕ ਤੁਹਾਡੇ ਦੁੱਧ ਦੀ ਸਪਲਾਈ ਸਥਾਪਤ ਨਹੀ ਹੋ ਜਾਂਦੀ ਤਾਂ ਪਹਲਿੇ ਕੁਝ ਦਨਿਾਂ ਵੱਿਚ ਇਹ ਚੁਣੌਤੀਪੂਰਨ ਹੋ ਸਕਦਾ ਹੈ। ਜਨਮ ਤੋ ਬਾਅਦ ਪਹਲਿੇ ਕੁਝ ਦਨਿਾਂ ਵੱਿਚ, ਕੁਝ ਬੱਚਆਿਂ ਨੂੰ ਕੁਝ ਵਾਧੂ ਸਹਾਇਤਾ ਅਤੇ ਵਾਧੂ ਦੁੱਧ ਦੀ ਲੋੜ ਹੋ ਸਕਦੀ ਹੈ, ਖਾਸ ਤੌਰ 'ਤੇ, ਜੇਕਰ ਉਹ ਥੋੜ੍ਹੇ ਸਮੇਂ ਪਹਲਿਾਂ ਪੈਦਾ ਹੋਏ ਹੋਣ ਜਾਂ ਉਹਨਾਂ ਨੂੰ ਆਪਣੇ ਬਲੱਡ ਸ਼ੂਗਰ ਨੂੰ ਸਥਰਿ ਕਰਨ ਵੱਿਚ ਮੁਸ਼ਕਲ ਆਉਂਦੀ ਹੋਵੇ।

ਅਸੀ ਜਾਣਦੇ ਹਾਂ ਕਿ ਜਦੋ ਤੁਸੀ ਦੁੱਧ ਚੁੰਘਾਉਣ (ਬ੍ਰੈਸਟਫੀਡਗਿ) ਦਾ ਫੈਸਲਾ ਕੀਤਾ ਹੋਵੇ ਤਾਂ ਫਾਰਮੂਲੇ ਵਾਲਾ ਦੁੱਧ ਸ਼ੁਰੂ ਕਰਨਾ ਇੱਕ ਮੁਸ਼ਕਲ ਫੈਸਲਾ ਹੋ ਸਕਦਾ ਹੈ। ਇਸ ਲਈ ਅਸੀ ਤੁਹਾਨੂੰ ਦਾਨ ਕੀਤੇ ਮਨੁੱਖੀ ਦੁੱਧ (ਡੋਨਰ ਹਊਿਮਨ ਮਲਿਕ) ਦੀ ਵਰਤੋਂ ਕਰਨ ਦਾ ਵਕਿਲਪ ਪੇਸ਼ ਕਰਨਾ ਚਾਹੁੰਦੇ ਹਾਂ। ਇਹ ਉਹਨਾਂ ਮਾਵਾਂ ਦੁਆਰਾ ਦਾਨ ਕੀਤਾ ਗਆਿ ਦੁੱਧ ਹੁੰਦਾ ਹੈ ਜਨ੍ਹਿਾਂ ਕੋਲ ਆਪਣੇ ਬੱਚੇ ਦੀਆਂ ਲੋੜਾਂ ਤੋ ਵੱਧ ਦੁੱਧ ਹੁੰਦਾ ਹੈ। ਦਾਨੀਆਂ ਦੀ ਜਾਂਚ ਖੂਨ ਦਾਨੀਆਂ ਵਾਂਗ ਕੀਤੀ ਜਾਂਦੀ ਹੈ। ਦੁੱਧ ਨੂੰ ਗਰਮੀ ਨਾਲ ਉਪਚਾਰਤਿ (ਹੀਟ ਟ੍ਰੀਟਡਿ) ਕੀਤਾ ਜਾਂਦਾ ਹੈ ਅਤੇ ਇਹ ਯਕੀਨੀ ਬਣਾਉਣ ਲਈ ਜਾਂਚਆਿ ਜਾਂਦਾ ਹੈ ਕਿ ਇਹ ਸੁਰੱਖਅਿਤ ਹੈ। ਫਾਰਮੂਲਾ ਵਾਲੇ ਦੁੱਧ ਦੇ ਮੁਕਾਬਲੇ ਤੁਹਾਡੇ ਬੱਚੇ ਲਈ ਦਾਨ ਕੀਤੇ ਮਨੁੱਖੀ ਦੁੱਧ (ਡੋਨਰ ਹਊਿਮਨ ਮਲਿਕ) ਦੇ ਬਹੁਤ ਸਾਰੇ ਫਾਇਦੇ ਹਨ, ਜਵਿੇਂ ਕਿ:

- ਇਹ ਵਧੇਰੇ ਆਸਾਨੀ ਨਾਲ ਹਜ਼ਮ ਹੋ ਜਾਂਦਾ ਹੈ।
- ਇਹ ਘੱਟ ਮਾਤਰਾ ਵੱਿਚ ਦੱਿਤਾ ਜਾਂਦਾ ਹੈ।
- ਇਹ ਤੁਹਾਡੀ ਆਪਣੀ ਦੁੱਧ ਦੀ ਸਪਲਾਈ ਦੀ ਰੱਖਆਿ ਕਰਦਾ ਹੈ।

ਇਹ ਦੁੱਧ ਚੁੰਘਾਉਣ (ਬ੍ਰੈਸਟਫੀਡਗਿ) ਦੀ ਕੋਸ਼ਸ਼ਿ ਨੂੰ ਸਭ ਤੋ ਵਧੀਆ ਸ਼ੁਰੂਆਤ ਦੇਣ ਵੱਿਚ ਮਦਦ ਕਰਦਾ ਹੈ।

## ਆਪਣੇ ਛਾਤੀ ਦੇ ਦੁੱਧ ਦੇ ਨਾਲ ਫਾਰਮੂਲਾ ਵਾਲਾ ਦੁੱਧ ਦੇਣ ਨਾਲ ਇਹ ਚੀਜ਼ਾਂ ਹੋ ਸਕਦੀਆਂ ਹਨ:

- ਤੁਹਾਡੀ ਛਾਤੀ ਦੇ ਦੁੱਧ ਦੀ ਸਪਲਾਈ ਘੱਟ ਸਕਦੀ ਹੈ ਕਉਿਂਕਿ ਤੁਹਾਡਾ ਬੱਚਾ ਓਨੀ ਵਾਰ ਦੁੱਧ ਨਹੀ ਪੀਣਾ ਚਾਹੇਗਾ।
- ਛਾਤੀ ਦੇ ਦੁੱਧ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਸੰਕਰਮਣ ਅਤੇ ਐਲਰਜੀ ਤੋ ਸੁਰੱਖਆਿ ਦਾ ਲਾਭ ਘੱਟ ਸਕਦਾ ਹੈ।
- ਤੁਹਾਡੇ ਬੱਚੇ ਦੁਆਰਾ ਤੁਹਾਡਾ ਛਾਤੀ ਦਾ ਦੁੱਧ ਪੀਣ ਤੋ ਇਨਕਾਰ ਕਰਨ ਦਾ ਖ਼ਤਰਾ ਵੱਧ ਸਕਦਾ ਹੈ।




ਜੇਕਰ ਤੁਸੀ ਫਾਰਮੂਲਾ ਦੁੱਧ ਦੇ ਬਦਲਵੇਂ ਪੂਰਕ (ਅਲਟਰਨੇਟਵਿ ਸਪਲੀਮੈਂਟ) ਵਜੋ ਦਾਨ ਕੀਤੇ ਮਨੁੱਖੀ ਦੁੱਧ (ਡੋਨਰ ਹਊਿਮਨ ਮਲਿਕ) 'ਤੇ ਵਚਿਾਰ ਕਰਨਾ ਚਾਹੁੰਦੇ ਹੋ, ਤਾਂ ਕਰਿਪਾ ਕਰਕੇ ਆਪਣੀ ਮਡਿਵਾਈਫ਼ ਨਾਲ ਗੱਲ ਕਰੋ। ਉਹ ਹੋਰ ਜਾਣਕਾਰੀ ਅਤੇ ਇੱਕ ਸਹਮਿਤੀ ਫਾਰਮ ਪ੍ਰਦਾਨ ਕਰ ਸਕਦੀਆਂ ਹਨ।

ਤੁਸੀ ਈਲਿਧ (Eilidh) ਦੀ ਕਹਾਣੀ ਪੜ੍ਹ ਸਕਦੇ ਹੋ ਅਤੇ ਇਹ ਜਾਣ ਸਕਦੇ ਹੋ ਕਿ ਕਵਿੇਂ ਦਾਨ ਕੀਤੇ ਮਨੁੱਖੀ ਦੁੱਧ (ਡੋਨਰ ਹਊਿਮਨ ਮਲਿਕ) ਨੇ ਉਸਦੀ ਦੁੱਧ ਚੁੰਘਾਉਣ (ਬ੍ਰੈਸਟਫੀਡਗਿ) ਦੀ ਯਾਤਰਾ ਵਚਿ ਮਦਦ ਕੀਤੀ।

ਕਰਿਪਾ ਕਰਕੇ ਇੱਥੇ ਸਕੈਨ ਕਰੋ →

## ਦੁੱਧ ਚੁੰਘਾਉਣ (ਬ੍ਰੈਸਟਫੀਡਗਿ) ਦੀ ਚੰਗੀ ਸੁਰੂਆਤ ਕਰਨਾ

ਤੁਸੀ ਸੁਰੂਆਤੀ ਦਨਿਾਂ ਵਚਿ ਆਪਣੀ ਦੁੱਧ ਚੁੰਘਾਉਣ (ਬ੍ਰੈਸਟਫੀਡਗਿ) ਦੀ ਯਾਤਰਾ ਵਚਿ ਸਹਾਇਤਾ ਲਈ **ਪੇਰੈਂਟਕਲੱਬ (Parentclub)** ਵੈੱਬਸਾਈਟ ਤੋ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

🌐 **www.parentclub.scot/topics/feeding/breastfeeding/getting-started**

ਕਰਿਪਾ ਕਰਕੇ ਇੱਥੇ ਸਕੈਨ ਕਰੋ →

Greater Glasgow and Clyde Donor Milk Bank

Give for Life

ਜੇਕਰ ਤੁਸੀ ਆਪਣੇ ਦੁੱਧ ਦੀ ਸਪਲਾਈ ਸਥਾਪਤ ਹੋਣ ਤੋ ਬਾਅਦ (ਆਮ ਤੌਰ 'ਤੇ ਲਗਭਗ 6 ਹਫ਼ਤਆਿਂ ਬਾਅਦ) ਛਾਤੀ ਦੇ ਦੁੱਧ ਦੀ ਦਾਨੀ (ਬ੍ਰੈਸਟਮਲਿਕ ਡੋਨਰ) ਬਣਨਾ ਚਾਹੁੰਦੀ ਹੋ, ਤਾਂ ਤੁਸੀ **NHS ਗ੍ਰੇਟਰ ਗਲਾਸਗੋ ਅਤੇ ਕਲਾਈਡ (NHS Greater Glasgow and Clyde)** ਦੀ ਵੈੱਬਸਾਈਟ ਤੋ ਜਾਣਕਾਰੀ ਪ੍ਰਾਪਤ ਕਰ ਸਕਦੀ ਹੋ:

🌐 **https://www.nhsggc.scot/hospitals-services/services-a-to-z/milk-bank-scotland/**

ਕਰਿਪਾ ਕਰਕੇ ਇੱਥੇ ਸਕੈਨ ਕਰੋ →



ਸਮੀਖਿਆ ਦੀ ਮਤਿੀ: ਜਨਵਰੀ 2027

mi • 350825 v1.0